*ਆਲਮੀ ਸਮਾਜਕ ਸੰਮੇਲਨঃ*

# ਇਕ ਹੋਰ ਦੁਨੀਆਂ ਮੁਮਕਿਨ ਹੈ! ਅਸੀਂ ਸਾਰੇ ਇਸ ਨਵੀਂ ਨੂੰ ਬਣਾਵਾਂਗੇ!

ਦੁਨੀਆਂ ਭਰ ਵਿਚ ਸਾਮਰਾਜ ਦੇ ਖ਼ਿਲਾਫ਼ ਲੜ ਰਹੇ ਲੋਕਾਂ ਦੇ ਇਕ ਲੱਖ ਦੇ ਕਰੀਬ ਡੈਲੀਗੇਟ ੧੩੦ ਮੁਲਕਾਂ ਵਿਚੋਂ ਆ ਕੇ ਮੰਬਈ ਵਿਚ ਹੋਏ ਚੌਥੇ ਆਲਮੀ ਸਮਾਜੀ ਸੰਮੇਲਨ ਵਿਚ ਸ਼ਾਮਿਲ ਹੋਏ ਜੋ ੧੯ ਤੋਂ ਲੈ ਕੇ ੨੪ ਜਨਵਰੀ ੨੦੦੪ ਤੱਕ ਚੱਲਿਆ। ਆਲਮੀ ਸਮਾਜੀ ਸੰਮੇਲਨਾਂ ਦੀ ਸ਼ੁਰੂਆਤ ਬਰਾਜ਼ੀਲ ਤੋਂ ਤਿਨ ਸਾਲ ਪਹਿਲਾਂ ਹੋਈ ਸੀ। ਆਲਮੀ ਸਮਾਜੀ ਸੰਮੇਲਨ ਦਾ ਚਾਰਟਰ ਕਹਿੰਦਾ ਹੈঃ "ਆਲਮੀ ਸਮਾਜੀ ਸੰਮੇਲਨ ਵਿਚ ਤਜਵੀਜ਼ ਕੀਤਾ ਗਿਆ ਮੁਤਬਾਦਲ ਵਿਸ਼ਵੀਕਰਣ ਦੇ ਖਿਲਾਫ਼ ਹੈ ਜਿਹਦੀ ਮੰਗ ਵੱਡੀਆਂ ਵੱਡੀਆਂ  ਕਾਰਪੋਰੇਸ਼ਨਾਂ, ਸਰਕਾਰਾਂ ਅਤੇ ਹੋਰ ਆਲਮੀ ਅਦਾਰੇ ਵੱਡੀਆਂ ਕਾਰਪੋਰੇਸ਼ਨਾਂ ਦੇ ਮੁਫ਼ਾਦਾਂ ਨੂੰ ਅੱਗੇ ਕਰਨ ਲਈ ਕਰ ਰਹੇ ਹਨ ਅਤੇ ਮੁਲਕਾਂ ਦੀਆਂ ਹਕੂਮਤਾਂ ਇਸ ਕੰਮ ਵਿਚ ਇਨ੍ਹਾਂ ਦੇ ਨਾਲ ਰਲੀਆਂ ਹੋਈਆਂ ਹਨ।"

ਆਲਮੀ ਸਮਾਜੀ ਸੰਮੇਲਨ ਕੋਈ ਇੱਕ ਜਥੇਬੰਦੀ ਨਹੀਂ ਹੈ ਅਤੇ ਨਾ ਹੀ ਇਹ ਕਿਸੇ ਸਾਂਝੇ ਫਰੰਟ ਦਾ ਪਲੇਟਫਾਰਮ ਹੈ। ਇਹ ਵਿਚਾਰਾਂ ਦਾ ਤਬਾਦਲਾ ਕਰਨ ਉਹ ਖੁਲ੍ਹਾ ਮੰਚ ਹੈ ਜਿਸ ਵਿਚ ਉਹ ਜਥੇਬੰਦੀਆਂ ਅਤੇ ਲਹਿਰਾਂ ਵਿਚਾਰ ਸਾਂਝੇ ਕਰਦੀਆਂ ਹਨ ਜੋ ਨਵਲਿਬਰਲਵਾਦ, ਵਿਸ਼ਵੀਕਰਨ ਅਤੇ ਸਰਮਾਏ ਦੇ ਜਬਰ ਖ਼ਿਲਾਫ਼ ਅਤੇ ਸਾਮਰਾਜ ਦੇ ਹਰ ਰੂਪ ਦੇ ਖ਼ਿਲਾਫ਼ ਹਨ ਅਤੇ ਇਕ ਨਵਾਂ ਮਨੁਖ ਕੇਂਦਰਤ ਸਮਾਜ ਉਸਾਰਨ ਲਈ ਪ੍ਰਤੀਬੱਧ ਹੋ ਕੇ ਉਨ੍ਹਾਂ ਤਾਕਤਾਂ ਨੂੰ ਇਕੱਠਾ ਕਰਦੀਆਂ ਹਨ ਜੋ ਇਨ੍ਹਾਂ ਉਦੇਸ਼ਾਂ ਲਈ ਸੰਘਰਸ਼ ਕਰ ਰਹੀਆਂ ਹਨ।

ਇਨ੍ਹਾਂ ਸੰਮੇਲਨਾਂ ਵਿਚ ਵੱਖ ਵੱਖ ਸਿਆਸੀ ਤਾਕਤਾਂ ਅਤੇ ਕਾਰਕੁਨ ਜੰਗ ਦੇ ਖ਼ਿਲਾਫ਼, ਅਮਨ ਲਈ, ਵਿਸ਼ਵੀਕਰਨ ਦੇ ਖ਼ਿਲਾਫ਼, ਨਿੱਜੀਕਰਨ ਦੇ ਖ਼ਿਲਾਫ਼ ਅਤੇ ਲੋਕਾਂ ਦੇ ਸਮਾਜੀ ਅਤੇ ਕੌਮੀ ਹੱਕਾਂ ਲਈ ਇਕੱਠੇ ਹੋਕੇ ਵਿਚਾਰ ਵਟਾਂਦਰਾ ਕਰਦੇ ਰਹੇ ਹਨ। ਆਲਮੀ ਸਮਾਜੀ ਸੰਮੇਲਨਾਂ ਨੇ ਇਰਾਕੀ ਜੰਗ ਦੇ ਖ਼ਿਲਾਫ਼ ਲੋਕਾਂ ਨੂੰ ਦੁਨੀਆਂ ਦੇ ਪੱਧਰ ਤੇ ਇਕੱਠੇ ਕਰਨ ਵਿਚ ਬਹੁਤ ਅਹਿਮ ਹਿਸਾ ਪਾਇਆ ਹੈ ਅਤੇ ਫ਼ਲਸਤੀਨੀ ਲੋਕਾਂ ਦੀ ਸਵੈ-ਨਿਰਣੇ ਦੀ ਜਦੋਜਹਿਦ ਦੀ ਹਮੈਤ ਵਿਚ ਵੀ ਡੱਟ ਕੇ ਸਟੈਂਡ ਲਿਆ ਹੈ। ਦੁਨੀਆਂ ਦੇ ਲੋਕਾਂ ਨੇ ਸਾਮਰਾਜ ਖ਼ਿਲਾਫ਼ ਇਕੱਠੇ ਹੋਕੇ ਅਤੇ ਆਪਣੇ ਭਵਿਖ ਲਈ ਆਪ ਇਕ ਨਵੀਂ ਉਸਾਰੀ ਕਰਨ ਲਈ ਇਨ੍ਹਾਂ ਸੰਮੇਲਨਾਂ ਵਿਚ **ਇਕ ਮਨੁੱਖਤਾ ਇਕ ਸੰਘਰਸ਼ ਦਾ ਨਾਅਰਾ** ਬੁਲੰਦ ਕੀਤਾ ਹੈ ਜੋ ਦੁਨੀਆਂ ਭਰ ਦੇ ਦੱਬੇ ਅਤੇ ਕੁਚਲੇ ਲੋਕਾਂ ਦੀ ਇਨਸਾਫ ਅਤੇ ਮਾਣ ਦੀ ਜ਼ਿੰਦਗੀ ਹਾਸਲ ਕਰਨ ਦੀ ਤਾਂਘ ਦੀ ਇਕ ਝਲਕ ਹੈ। ਮੁੰਬਈ ਆਲਮੀ ਸਮਾਜੀ ਸੰਮੇਲਨ ਵਿਚ ਵੀ ਦੁਨੀਆਂ ਦੇ ਲੋਕਾਂ ਨੂੰ ਦਰਪੇਸ਼ ਵੱਖ ਵੱਖ ਮਸਲਿਆਂ ਬਾਰੇ ਅਤੇ ਉਨ੍ਹਾਂ ਦੇ ਹਲ ਬਾਰੇ ਇਕ ਹਫਤਾ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਨਾਲ ਹੀ ਕਈ ਰੰਗਾ-ਰੰਗ ਸਭਿਆਚਾਰਕ ਪ੍ਰੋਗਰਾਮ ਵੀ ਜਥੇਬੰਦ ਕੀਤੇ ਗਏ।।